## ਆਰ ਸੀ ਵਾਈ ਦੇ ਐਡਵੋਕੇਟ ਲੋਕਾਂ ਨੂੰ ਸੁਣਦੇ ਹਨ ਅਤੇ ਉਨ੍ਹਾਂ ਦੀ ਉਦੋਂ ਮਦਦ ਕਰਦੇ ਹਨ ਜਦੋਂ ਉਨ੍ਹਾਂ ਦੇ ਫਿਕਰ ਹੁੰਦੇ ਹਨ, ਜਿਸ ਵਿਚ ਉਨ੍ਹਾਂ ਦੇ ਰਹਿਣ ਬਾਰੇ ਫਿਕਰ ਵੀ ਸ਼ਾਮਲ ਹਨ।






**ਆਰ ਸੀ ਵਾਈ ਦੇ ਐਡਵੋਕੇਟ ਤੁਹਾਡੀ ਮਦਦ ਕਰਕੇ ਖੁਸ਼ ਹੁੰਦੇ ਹਨ।**

ਫੋਨ: **1-800-476-3933**
ਟੈਕਸਟ: **1-778-404-7161**
ਈਮੇਲ: **rcy@rcybc.ca**



## ਸਾਨੂੰ ਫੋਨ ਕਰੋ

ਖੁੱਲ੍ਹਣ ਦਾ ਸਮਾਂ ਸੋਮਵਾਰ ਤੋਂ ਸ਼ੁਕਰਵਾਰ:

**ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ**

REPRESENTATIVE FOR
CHILDREN AND YOUTH
ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ

# ਆਰ ਸੀ ਵਾਈ

# ਅਸੀਂ ਮਦਦ ਕਰਨ ਲਈ ਇੱਥੇ ਹਾਂ

ਜੇ ਤੁਹਾਡੀ ਉਮਰ 27 ਸਾਲ ਨਾਲੋਂ ਘੱਟ ਹੈ ਅਤੇ ਤੁਸੀਂ ਕਮਿਉਨਟੀ ਲਿਵਿੰਗ ਬੀ ਸੀ ਦੀਆਂ ਸੇਵਾਵਾਂ ਲਈ ਯੋਗ ਹੋ ਤਾਂ **ਅਸੀਂ ਮਦਦ ਕਰ ਸਕਦੇ ਹਾਂ**



ਯੋਗਤਾ: ਆਪਣੇ 19ਵੇਂ ਤੋਂ 27ਵੇਂ ਜਨਮ ਦਿਨ ਤੱਕ ਦੇ ਜਵਾਨ ਬਾਲਗ ਜਿਹੜੇ ਕਮਿਉਨਟੀ ਲਿਵਿੰਗ ਬੀ ਸੀ ਤੋਂ ਸੇਵਾਵਾਂ ਲੈਣ ਦੇ ਯੋਗ ਹਨ ਅਤੇ ਜਿਨ੍ਹਾਂ ਨੂੰ ਆਪਣੇ 19ਵੇਂ ਜਨਮ ਦਿਨ ਤੋਂ ਬਾਅਦ ਦੇ 15 ਮਹੀਨਿਆਂ ਦੇ ਵਿਚ ਵਿਚ ਪੜਚੋਲ ਕਰਨ ਯੋਗ ਸਰਵਿਸ ਮਿਲੀ ਹੈ।

[Punjabi]

# ਆਰ ਸੀ ਵਾਈ ਦੇ ਐਡਵੋਕੇਟ:

- ਉਨ੍ਹਾਂ ਸੇਵਾਵਾਂ ਅਤੇ ਪ੍ਰੋਗਰਾਮਾਂ ਨਾਲ ਜੁੜਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।
- ਇਸ ਤਰੀਕੇ ਨਾਲ ਆਪਣੀ ਗੱਲ ਦੱਸਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ ਜਿਹੜਾ ਤੁਹਾਡੀ ਸਮੱਸਿਆ ਦਾ ਹੱਲ ਕਰ ਸਕਦਾ ਹੈ।
- ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਦੀ ਸੰਭਾਲ ਤੋਂ ਬਾਹਰ ਨਿਕਲਣ ਵਿਚ ਅਤੇ ਕਮਿਊਨਟੀ ਲਿਵਿੰਗ ਬੀ ਸੀ ਦੀਆਂ ਸੇਵਾਵਾਂ ਲੈਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ।
- ਤੁਹਾਡੇ ਹੱਕਾਂ ਬਾਰੇ ਗੱਲ ਕਰ ਸਕਦੇ ਹਨ ਅਤੇ ਇਹ ਦੱਸ ਸਕਦੇ ਹਨ ਕਿ ਜੇ ਇਨ੍ਹਾਂ ਹੱਕਾਂ ਨੂੰ ਅਣਡਿੱਠ ਕੀਤਾ ਜਾ ਰਿਹਾ ਹੋਵੇ ਤਾਂ ਕੀ ਕਰਨਾ ਹੈ।

# ਜਦੋਂ ਤੁਸੀਂ ਸਾਡੇ ਦਫਤਰ ਨੂੰ ਫੋਨ ਕਰਦੇ ਹੋ ਤਾਂ ਕੀ ਹੁੰਦਾ ਹੈ:



- ਤੁਸੀਂ ਜੋ ਵੀ ਕਹੋਗੇ ਉਹ ਪ੍ਰਾਈਵੇਟ ਰੱਖਿਆ ਜਾਵੇਗਾ।
- ਤੁਹਾਡੇ ਨਾਲ ਆਦਰ ਨਾਲ ਵਰਤਾਉ ਕੀਤਾ ਜਾਵੇਗਾ।
- ਸਾਨੂੰ ਫੋਨ ਕਰਨ ਨਾਲ ਤੁਸੀਂ ਕਿਸੇ ਮੁਸ਼ਕਲ ਵਿਚ ਨਹੀਂ ਫਸੋਗੇ।
- ਜਿਸ ਵਿਅਕਤੀ ਨਾਲ ਤੁਸੀਂ ਗੱਲ ਕਰੋਗੇ ਉਹ ਤੁਹਾਡੇ ਸਵਾਲਾਂ ਦੇ ਜਵਾਬ ਦੇਵੇਗਾ।

# ਤੁਹਾਡੇ ਹੱਕ ਹਨ !



- ਆਪਣੇ ਆਪ ਲਈ ਬੋਲਣ ਦੇ।
- ਇਹ ਚੋਣ ਕਰਨ ਦੇ ਕਿ ਤੁਸੀਂ ਆਪਣੀ ਜ਼ਿੰਦਗੀ ਕਿਵੇਂ ਜਿਊਣੀ ਹੈ।
- ਆਦਰ ਕਰਵਾਉਣ ਅਤੇ ਸ਼ਾਮਲ ਕੀਤੇ ਜਾਣ ਦੇ।
- ਸੁਰੱਖਿਅਤ ਰਹਿਣ ਅਤੇ ਹਿਫਾਜ਼ਤ ਕੀਤੇ ਜਾਣ ਦੇ।